## ਤੁਹਾਡੇ ਸਕੈਨ ਤੋਂ ਬਾਅਦ

- ਇੱਕ ਰੇਡੀਓਲੋਜਿਸਟ ਤੁਹਾਡੀਆਂ ਤਸਵੀਰਾਂ ਨੂੰ ਵੇਖੇਗਾ, ਤਾਂ ਜੋ ਕਿਸੇ ਵੀ ਛੋਟੀ ਜਿਹੀ ਗੰਢ, ਜਿਸਨੂੰ ਗਿਲ੍ਹਟੀਆਂ (ਨੋਡਿਊਲ) ਕਿਹਾ ਜਾਂਦਾ ਹੈ, ਦਾ ਪਤਾ ਲਗਾਇਆ ਜਾ ਸਕੇ। ਫਿਰ ਉਹ ਇੱਕ ਰਿਪੋਰਟ ਲਿਖਣਗੇ ਜੋ ਨੈਸ਼ਨਲ ਕੈਂਸਰ ਸਕ੍ਰੀਨਿੰਗ ਰਜਿਸਟਰ (NCSR) ਵਿੱਚ ਦਰਜ ਕੀਤੀ ਜਾਵੇਗੀ ਅਤੇ ਤੁਹਾਡੇ ਡਾਕਟਰ ਨੂੰ ਭੇਜੀ ਜਾਵੇਗੀ।
- ਤੁਹਾਡੇ ਡਾਕਟਰ ਨੂੰ ਤੁਹਾਡੇ ਸਕੈਨ ਦੇ ਨਤੀਜੇ ਪ੍ਰਾਪਤ ਹੋਣਗੇ। ਤੁਹਾਨੂੰ NCSR ਵੱਲੋਂ ਇੱਕ ਨੋਟੀਫਿਕੇਸ਼ਨ (ਟੈਕਸਟ ਮੈਸੇਜ ਜਾਂ ਪੱਤਰ) ਮਿਲੇਗਾ, ਜੋ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਅੱਗੇ ਕੀ ਕਰਨ ਦੀ ਲੋੜ ਹੈ। ਇਹ ਦੋ ਸਾਲਾਂ ਬਾਅਦ ਦੁਬਾਰਾ ਘੱਟ ਖੁਰਾਕ ਵਾਲਾ ਸੀਟੀ ਸਕੈਨ ਕਰਵਾਉਣਾ, ਜਾਂ ਆਪਣੇ ਨਤੀਜਿਆਂ ਬਾਰੇ ਆਪਣੇ ਡਾਕਟਰ ਨਾਲ ਚਰਚਾ ਕਰਨਾ ਹੋ ਸਕਦਾ ਹੈ।
- ਜੇਕਰ ਤੁਹਾਡੇ ਸਕੈਨ ਵਿੱਚ ਕੁੱਝ ਅਜਿਹਾ ਹੈ ਜਿਸਦੀ ਹੋਰ ਜਾਂਚ ਕਰਨ ਦੀ ਲੋੜ ਹੈ, ਤਾਂ NCSR ਤੁਹਾਨੂੰ ਆਪਣੇ ਡਾਕਟਰ ਨਾਲ ਅਪੋਇੰਟਮੈਂਟ ਬੁੱਕ ਕਰਨ ਲਈ ਕਹੇਗਾ, ਜੋ ਤੁਹਾਡੇ ਨਾਲ ਤੁਹਾਡੇ ਨਤੀਜਿਆਂ ਅਤੇ ਅੱਗੇ ਕੀ ਹੋਵੇਗਾ, ਬਾਰੇ ਗੱਲ ਕਰੇਗਾ।
- ਜੇਕਰ ਕੋਈ ਗਿਲ੍ਹਟੀਆਂ ਮਿਲਦੀਆਂ ਹਨ, ਤਾਂ ਉਨ੍ਹਾਂ ਦਾ ਆਕਾਰ ਅਤੇ ਦਿੱਖ ਅੱਗੇ ਦੇ ਕਦਮਾਂ ਦੀ ਦਿਸ਼ਾ ਨਿਰਧਾਰਤ ਕਰੇਗਾ। ਇਸ ਵਿੱਚ ਹੋਰ ਸਕੈਨ ਕਰਨ ਲਈ ਜਾਂ ਫੇਫੜੇ ਦੇ ਮਾਹਰ ਡਾਕਟਰ ਕੋਲ ਜਾਣ ਦਾ ਰੈਫ਼ਰਲ ਸ਼ਾਮਲ ਹੋ ਸਕਦਾ ਹੈ।
- ਯਾਦ ਰੱਖੋ, ਸਕ੍ਰੀਨਿੰਗ ਉਦੋਂ ਹੀ ਸਭ ਤੋਂ ਵਧੀਆ ਕੰਮ ਕਰਦੀ ਹੈ ਜਦੋਂ ਤੁਸੀਂ ਸਮੇਂ-ਸਿਰ ਨਿਯਮਤ ਸਕੈਨ ਕਰਵਾਓ, ਤਾਂ ਜੋ ਸਮੇਂ ਦੇ ਨਾਲ ਆ ਰਹੇ ਬਦਲਾਅ ਪਤਾ ਲੱਗ ਸਕਣ। ਇਸ ਲਈ, ਜਦੋਂ ਤੁਹਾਡਾ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਕਰਵਾਉਣ ਦਾ ਸਮਾਂ ਹੋਵੇ ਤਾਂ ਸਕ੍ਰੀਨਿੰਗ ਕਰਵਾਉਣ ਲਈ ਦੁਬਾਰਾ ਆਉਣਾ ਮਹੱਤਵਪੂਰਨ ਹੈ।
- ਰੇਡੀਓਲੋਜਿਸਟ ਆਪਣੀ ਰਿਪੋਰਟ ਵਿੱਚ ਇਹ ਵੀ ਸ਼ਾਮਲ ਕਰੇਗਾ ਜੇਕਰ ਉਸਨੇ ਫੇਫੜਿਆਂ ਦੇ ਕੈਂਸਰ ਤੋਂ ਇਲਾਵਾ ਕੁੱਝ ਹੋਰ ਵੇਖਿਆ ਹੋਵੇ, ਜਿਸ ਬਾਰੇ ਤੁਹਾਨੂੰ ਆਪਣੇ ਡਾਕਟਰ ਨਾਲ ਗੱਲ ਕਰਨ ਦੀ ਲੋੜ ਹੈ।

Australian Government

NATIONAL LUNG CANCER SCREENING PROGRAM



ਫੇਫੜਿਆਂ ਦੇ ਕੈਂਸਰ ਦੇ ਰਾਸ਼ਟਰੀ ਸਕ੍ਰੀਨਿੰਗ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਇੱਥੇ ਜਾਓ:

www.health.gov.au/our-work/nlcsp

Quitline 13 7848

ਸਿਗਰਟਨੋਸ਼ੀ ਛੱਡਣ ਵਿੱਚ ਮੱਦਦ ਲੈਣ ਲਈ ਇੱਥੇ ਜਾਓ:

www.quit.org.au

DT0004838

Punjabi | ਪੰਜਾਬੀ

NATIONAL LUNG CANCER SCREENING PROGRAM



# ਤੁਹਾਡਾ ਰੇਡੀਓਲੋਜੀ ਕਲੀਨਿਕ ਵਿੱਚ ਜਾਣਾ

## ਆਪਣੇ ਸਕੈਨ ਤੋਂ ਪਹਿਲਾਂ

- **ਆਪਣੇ ਡਾਕਟਰ ਤੋਂ ਘੱਟ-ਡੋਜ਼ ਵਾਲੇ ਕੰਪਿਊਟਿਡ ਟੋਮੋਗ੍ਰਾਫੀ (CT) ਸਕੈਨ ਲਈ ਰੈਫ਼ਰਲ ਲਵੋ।**
- **ਆਪਣੇ ਡਾਕਟਰ ਤੋਂ ਪੁੱਛੋ ਕਿ ਤੁਹਾਡੇ ਇਲਾਕੇ ਵਿੱਚ ਫੇਫੜਿਆਂ ਦੇ ਕੈਂਸਰ ਦੀ ਸਕ੍ਰੀਨਿੰਗ ਕਿੱਥੇ ਕੀਤੀ ਜਾਂਦੀ ਹੈ।**
- **ਜੇਕਰ ਤੁਸੀਂ ਪਹਿਲਾਂ ਕਦੇ CT ਸਕੈਨ ਨਹੀਂ ਕਰਵਾਇਆ, ਤਾਂ ਆਪਣੇ ਡਾਕਟਰ ਨਾਲ ਆਪਣੀਆਂ ਚਿੰਤਾਵਾਂ ਬਾਰੇ ਗੱਲ ਕਰੋ।**
- **ਆਪਣੇ ਸਕੈਨ ਨੂੰ ਔਨਲਾਈਨ, ਫ਼ੋਨ ਰਾਹੀਂ ਜਾਂ ਜਾਂ ਵਿਅਕਤੀਗਤ ਤੌਰ 'ਤੇ ਜਾ ਕੇ ਬੁੱਕ ਕਰੋ। ਉਹਨਾਂ ਨੂੰ ਦੱਸੋ ਕਿ ਤੁਸੀਂ ਫੇਫੜਿਆਂ ਦੇ ਕੈਂਸਰ ਦੇ ਸਕ੍ਰੀਨਿੰਗ ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਹੋ।**
- **ਇਹ ਯਕੀਨੀ ਬਣਾਓ ਕਿ ਤੁਸੀਂ ਆਪਣੀ ਸਕੈਨ ਅਪੌਇੰਟਮੈਂਟ ਲਈ ਆਪਣਾ ਰੈਫ਼ਰਲ ਅਤੇ ਮੈਡੀਕੇਅਰ ਕਾਰਡ ਲੈ ਕੇ ਜਾਂਦੇ ਹੋ।**
- **ਆਰਾਮਦਾਇਕ ਕੱਪੜੇ ਪਾਓ। ਸਕੈਨ ਲਈ ਤੁਹਾਨੂੰ ਗਾਊਨ ਪਾਉਣ ਦੀ ਲੋੜ ਪੈ ਸਕਦੀ ਹੈ।**
- **ਆਪਣੇ ਸਕੈਨ ਲਈ ਜਾਣ ਤੋਂ ਪਹਿਲਾਂ ਪਹਿਨੇ ਹੋਏ ਗਹਿਣੇ ਉਤਾਰ ਕੇ ਜਾਣ ਦੀ ਯੋਜਨਾ ਬਣਾਓ। ਇਸ ਵਿੱਚ ਅੰਗੂਠੀਆਂ, ਘੜੀਆਂ, ਹਾਰ ਅਤੇ ਵਿੰਨ੍ਹਕੇ ਪਹਿਨੇ ਕੋਈ ਵੀ ਗਹਿਣੇ ਸ਼ਾਮਲ ਹੈ। ਨਹੀਂ ਤਾਂ ਤੁਹਾਨੂੰ ਉਨ੍ਹਾਂ ਨੂੰ ਸਕੈਨ ਦੌਰਾਨ ਉਤਾਰਨ ਲਈ ਕਿਹਾ ਜਾਵੇਗਾ।**
- **ਜੇਕਰ ਤੁਹਾਨੂੰ ਗਾਊਨ ਪਾਉਣ ਜਾਂ ਸਕੈਨ ਵਾਲੀ ਮੇਜ਼ 'ਤੇ ਬੈਠਣ ਲਈ ਮੱਦਦ ਦੀ ਲੋੜ ਹੋਵੇ, ਤਾਂ ਕਲੀਨਿਕ ਨੂੰ ਪਹਿਲਾਂ ਹੀ ਦੱਸ ਦਿਓ।**
- **ਜੇਕਰ ਤੁਸੀਂ ਚਾਹੋ ਤਾਂ ਆਪਣੇ ਨਾਲ ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨੂੰ ਲੈ ਕੇ ਜਾਣ ਦੀ ਯੋਜਨਾ ਬਣਾਓ।**

ਰੀਸੈਟ

## ਤੁਹਾਡੇ ਸਕੈਨ ਦੌਰਾਨ

- ਤੁਹਾਨੂੰ ਆਪਣਾ ਕੱਦ ਅਤੇ ਵਜ਼ਨ ਮਾਪਣ ਲਈ ਕਿਹਾ ਜਾ ਸਕਦਾ ਹੈ, ਅਤੇ ਕੁੱਝ ਸਵਾਲ ਪੁੱਛੇ ਜਾ ਸਕਦੇ ਹਨ, ਜਿਵੇਂ ਕਿ ਕੀ ਤੁਸੀਂ ਆਪਣੀਆਂ ਬਾਂਹਾਂ 5 ਤੋਂ 10 ਮਿੰਟ ਲਈ ਆਪਣੇ ਸਿਰ ਤੋਂ ਉੱਪਰ ਚੁੱਕ ਸਕਦੇ ਹੋ।
- ਇੱਕ ਰੇਡੀਓਗ੍ਰਾਫਰ ਤੁਹਾਨੂੰ CT ਸਕੈਨ ਵਾਲੇ ਕਮਰੇ ਵਿੱਚ ਲੈ ਜਾਵੇਗਾ।
- ਤੁਸੀਂ ਆਪਣੀਆਂ ਬਾਂਹਾਂ ਸਿਰ ਤੋਂ ਉੱਪਰ ਰੱਖਕੇ ਮੇਜ਼ ਉੱਤੇ ਆਪਣੀ ਪਿੱਠ ਦੇ ਭਾਰ ਲੇਟ ਜਾਓਗੇ। ਤੁਹਾਨੂੰ ਕੁੱਝ ਸਕਿੰਟਾਂ ਲਈ ਆਪਣਾ ਸਾਹ ਰੋਕਣਾ ਪਵੇਗਾ ਅਤੇ ਹਿੱਲੋ ਨਾ।
- ਸਕੈਨ ਦੌਰਾਨ ਰੇਡੀਓਗ੍ਰਾਫ਼ਰ ਤੁਹਾਡੀ ਛਾਤੀ ਦੀਆਂ ਤਸਵੀਰਾਂ ਲਵੇਗਾ। ਤੁਹਾਨੂੰ ਕੋਈ ਸੂਈ ਲਗਾਉਣ ਦੀ ਲੋੜ ਨਹੀਂ ਪਵੇਗੀ।
- ਇਸ ਸਕੈਨ ਵਿੱਚ **ਲਗਭਗ 10 ਸਕਿੰਟ ਲੱਗਣਗੇ, ਅਤੇ ਤੁਹਾਨੂੰ ਕੋਈ ਦਰਦ ਮਹਿਸੂਸ ਨਹੀਂ ਹੋਵੇਗਾ।**
- ਤੁਹਾਨੂੰ ਆਪਣੇ ਨਤੀਜੇ ਸਕੈਨ ਵਾਲੇ ਦਿਨ ਨਹੀਂ ਮਿਲਣਗੇ।



